ਅਰਮਾਨ (ARMAAN)
Vol. 3 | Issue 2 | Apr-Jun 2025
ISSN: 2583-9446 (Online)
Paper Published Id: ARMN030205
Available online at: www.armaan.org.in
DOI: https://doi.org/10.64119/armaan.vol.3.issue2.05

# BANOUTI AKL (AI): SAHITAK SAMVEDNA TE SIRJANA

# ਬਣਾਉਟੀ ਅਕਲ (AI): ਸਾਹਿਤਕ ਸੰਵੇਦਨਾ ਤੇ ਸਿਰਜਣਾ

**ਡਾ. ਦਵਿੰਦਰ ਸਿੰਘ** (Dr. Davinder Singh)
**ਸਹਾਇਕ ਪ੍ਰੋਫ਼ੈਸਰ, ਪੰਜਾਬੀ** (Assistant Professor, Punjabi)
**ਮੁਲਤਾਨੀ ਮੱਲ ਮੋਦੀ ਕਾਲਜ, ਪਟਿਆਲਾ (ਪੰਜਾਬ)।**
Email ID: davindershahpur1313@gmail.com ਮੋਬਾਈਲ: +91-78892-69677

**ਸਾਰ (Abstract)**

*AI (Artificial Intelligence), ਬਣਾਉਟੀ ਅਕਲ ਜਾਂ ਮਸਨੂਈ ਬੁੱਧੀ ਅੱਜ ਦੇ ਮਨੁੱਖੀ ਸਮਾਜ ਦੇ ਸਭ ਤੋਂ ਵੱਧ ਚਰਚਿਤ ਵਰਤਾਰਿਆ ਵਿੱਚੋਂ ਇੱਕ ਹੈ। ਇਸਨੇ ਵੱਡੀਆਂ ਤੋਂ ਵੱਡੀਆਂ ਮਨੁੱਖੀ ਖੋਜਾਂ ਤੇ ਕਾਰਜਾਂ ਤੋਂ ਲੈਕੇ ਆਮ ਬੰਦੇ ਦੇ ਰੋਜਮਰਾ ਦੇ ਆਮ ਕੰਮਾਂ ਤੱਕ ਨੂੰ ਪ੍ਰਭਾਵਿਤ ਕੀਤਾ ਹੈ। ਅੱਜਕੱਲ ਕਲਾਵਾਂ ਅਤੇ ਸਾਹਿਤ ਸਿਰਜਣਾ ਵਿੱਚ ਵੀ ਇਸਦੀ ਵਰਤੋਂ ਹੋਣ ਲੱਗੀ ਹੈ। ਜਿੱਥੇ ਇੱਕ ਪਾਸੇ ਹੋਰਨਾਂ ਖੇਤਰਾਂ ਵਾਂਗ ਇਸ ਖੇਤਰ ਵਿੱਚ ਵੀ ਇਸ ਦੀਆਂ ਅਨੰਤ ਸੰਭਾਵਨਾਵਾਂ ਦੇਖੀਆ ਜਾਣ ਲੱਗੀਆਂ ਹਨ ਉੱਥੇ ਇਸਨੂੰ ਮਨੁੱਖ ਦੁਆਰਾ ਸਿਰਜੇ ਸਾਹਿਤ ਦੇ ਬਦਲ ਵਜੋਂ ਵੀ ਦੇਖਿਆ ਜਾਣ ਲੱਗਾ ਹੈ। ਅਜਿਹੇ ਖਦਸ਼ੇ ਵੀ ਪਰਗਟ ਕੀਤੇ ਜਾਂਦੇ ਹਨ ਕਿ ਇਹ ਅੱਗੇ ਚੱਲਕੇ ਮਨੁੱਖ ਸਿਰਜਤ ਸਾਹਿਤ ਦੇ ਖਾਤਮੇ ਦਾ ਕਾਰਣ ਵੀ ਬਣ ਸਕਦੀ ਹੈ। ਬਣਾਉਟੀ ਅਕਲ ਹੁਣ ਤੱਕ ਮਨੁੱਖ ਦੁਆਰਾ ਇੰਟਰਨੈੱਟ 'ਤੇ ਇਕੱਠੇ ਕੀਤੇ ਜਾਂ ਪੈਦਾ ਕੀਤੇ ਡਾਟੇ ਨੂੰ ਅਧਾਰ ਬਣਾਕੇ ਮਨੁੱਖ ਦੁਆਰਾ ਪੁੱਛੇ ਸਵਾਲਾਂ ਦੇ ਉੱਤਰ ਦਿੰਦੀ ਹੈ ਜਾਂ ਕਹੇ ਗਏ ਕਾਰਜਾਂ ਨੂੰ ਅੰਜਾਮ ਦਿੰਦੀ ਹੈ। ਇਹ ਐਲਗੋਰਿਦਮ (ਕੰਪਿਊਟਰ ਪ੍ਰੋਗਰਾਮਿੰਗ ਦੀ ਨਿਸ਼ਚਤ ਨਿਯਮਾਵਲੀ) ਨੂੰ ਅਧਾਰ ਬਣਾਕੇ ਉੱਤਰ ਦਿੰਦੀ ਹੈ। ਇਹ ਮਹੱਤਵਪੂਰਣ ਸ਼ਬਦਾਂ (Key Words) ਨੂੰ ਅਧਾਰ ਬਣਾਕੇ, ਭਾਵੇਂ ਸਬੰਧਤ ਵਿਸ਼ੇ ਨਾਲ਼ ਸਬੰਧਤ ਜਾਣਕਾਰੀ ਜਾਂ ਸਾਹਿਤ ਸਿਰਜਣਾ ਦਾ ਭੁਲੇਖਾ ਤਾਂ ਸਿਰਜ ਦਿੰਦੀ ਹੈ ਪਰ ਅਕਸਰ ਮਨੁੱਖੀ ਜਜਬਾਤਾਂ ਨੂੰ ਸਹੀ ਰੂਪ ਵਿੱਚ ਸਮਝਣ ਤੇ ਪੇਸ਼ ਕਰਨ ਵਿੱਚ ਟਪਲਾ ਖਾ ਜਾਂਦੀ ਹੈ। ਸਾਹਿਤ ਤੇ ਬਣਾਉਟੀ ਅਕਲ ਵਿੱਚ ਇੱਕ ਵੱਡਾ ਫਰਕ ਇਹ ਵੀ ਹੈ ਕਿ ਸਾਹਿਤ ਨੂੰ ਸਿਰਜਣ ਵਾਲ਼ੇ ਅਕਸਰ ਮਨੁੱਖੀ ਕਦਰਾਂ ਅਤੇ ਸਮਾਜ ਕਲਿਆਣ ਦੀ ਭਾਵਨਾ ਨਾਲ਼ ਓਤਪੋਤ ਹੁੰਦੇ ਹਨ ਪਰ ਬਣਾਉਟੀ ਅਕਲ ਨੂੰ ਵਿਕਸਤ ਕਰਨ ਵਾਲ਼ੇ ਵਧੇਰੇ ਕਰਕੇ ਮੁਨਾਫਾਖੋਰ ਹਨ। ਜਿਸ ਕਰਕੇ ਇਸ ਦੀ ਇਸ ਖੇਤਰ ਵਿੱਚ ਵਰਤੋਂ ਹੋਰ ਵੀ ਭਵਿੱਖੀ ਖਤਰਿਆਂ ਵੱਲ ਇਸ਼ਾਰੇ ਕਰਦੀ ਨਜਰ ਆਉਂਦੀ ਹੈ।*

***ਕੀਵਰਡ (Keyword): ਸਾਹਿਤ, ਮਨੁੱਖ, ਬਣਾਉਟੀ ਅਕਲ (AI), ਐਲਗੋਰਿਦਮ, ਜਜ਼ਬਾਤ, ਜਗਿਆਸਾ, ਚੈਟ ਜੀ.ਪੀ.ਟੀ., ਡਾਟਾ।***

ਸਾਹਿਤ ਅਤੇ ਬਣਾਉਟੀ ਅਕਲ ਦੋਵੇਂ ਮਨੁੱਖੀ ਸਿਰਜਣਾਵਾਂ ਹਨ। ਹੁਣ ਮਨੁੱਖ ਦੀ ਸਿਰਜੀ ਬਣਾਉਟੀ ਅਕਲ ਖੁਦ ਸਾਹਿਤ-ਕਲਾ ਆਦਿ ਦੀ ਸਿਰਜਣਾ ਕਰਨ ਲੱਗੀ ਹੈ। ਜਿਸ ਨਾਲ ਹਲਾਤ ਇਹ ਬਣ ਗਏ ਹਨ ਕਿ ਮਨੁੱਖ ਦੁਆਰਾ ਅਤੇ ਬਣਾਉਟੀ ਅਕਲ ਦੁਆਰਾ ਸਿਰਜੇ ਸਾਹਿਤ ਦੀ ਸਹਿਜੇ ਹੀ ਤੁਲਨਾ ਵੀ ਹੋਣ ਲੱਗੀ ਹੈ ਅਤੇ ਇਸਨੂੰ ਸਾਹਿਤ ਸਿਰਜਣਾ ਲਈ ਇੱਕ ਖਤਰੇ ਅਤੇ ਬਦਲ ਵਜੋਂ ਵੀ ਦੇਖਿਆ ਜਾਣ ਲੱਗਾ ਹੈ। ਇਸ ਬਾਰੇ ਗੱਲ ਕਰਨ ਤੋਂ ਪਹਿਲਾਂ ਅਸੀਂ ਸਾਹਿਤ ਦੀ ਸੌਖੀ ਜਿਹੀ ਪਰਿਭਾਸ਼ਾ ਵੱਲ ਨਜ਼ਰ ਮਾਰ ਲਈਏ।

> 'ਸਾਹਿਤ ਮਨੁੱਖੀ ਭਾਵਾਂ ਅਤੇ ਵਿਚਾਰਾਂ ਨੂੰ ਸੁਹਜਮਈ ਭਾਸ਼ਾ ਵਿੱਚ ਪੇਸ਼ ਕਰਨ ਦਾ ਨਾਂ ਹੈ।'

ਮਨੁੱਖ ਦੀਆਂ ਭਾਵਨਾਵਾਂ, ਵਿਚਾਰ ਅਤੇ ਅਕਲ ਦੇ ਕਲਾਤਮਕ ਸੁਮੇਲ ਨਾਲ਼ ਸਾਹਿਤ ਸਿਰਜਣਾ ਹੋਂਦ ਗ੍ਰਹਿਣ ਕਰਦੀ ਹੈ। ਮਨੁੱਖ ਅਤੇ ਮਸ਼ੀਨ ਵਿਚ ਬੁਨਿਆਦੀ ਅੰਤਰ ਇਹ ਹੈ ਕਿ ਮਨੁੱਖ ਕੋਲ ਸੰਵੇਦਨਾ/ਚੇਤੰਨਤਾ/ਜਜ਼ਬਾਤ ਹੁੰਦੇ ਹਨ। ਭਾਵੇਂ ਮਸ਼ੀਨ ਕੋਲ ਬੁੱਧੀ ਹੁੰਦੀ ਹੈ ਪਰ ਇਹ ਮਨੁੱਖ, ਸਮਾਜ ਅਤੇ ਕੁਦਰਤ ਪ੍ਰਤੀ ਜਜ਼ਬਾਤੀ ਜਾਂ ਸੰਵੇਦਨਸ਼ੀਲ ਤੇ ਸਾਪੇਖਕ ਨਹੀਂ ਹੁੰਦੀ, ਜਿਸ ਤਰਾਂ ਮਨੁੱਖ ਹੁੰਦਾ ਹੈ। ਕੰਪਿਊਟਰ ਅਤੇ ਰੋਬੋਟ ਵਰਗੀਆਂ ਮਸ਼ੀਨਾਂ ਕੋਲ ਬਣਾਉਟੀ ਅਕਲ (AI) ਤਾਂ ਹੁੰਦੀ ਹੈ ਅਤੇ ਇਹ ਬਹੁਤ ਸਾਰੇ ਕੰਮ-ਕਾਜ ਮਨੁੱਖ ਨਾਲੋਂ ਵਧੇਰੇ ਕੁਸ਼ਲਤਾ ਨਾਲ ਅਤੇ ਬਹੁਤ ਥੋੜ੍ਹੇ ਸਮੇਂ ਵਿਚ ਕਰ ਸਕਦੀਆਂ ਹਨ ਪਰ ਫ਼ਿਰ ਵੀ ਇਹ ਮਸ਼ੀਨਾਂ ਸੰਵੇਦਨਾ ਦੀ ਅਣਹੋਂਦ ਕਰਕੇ ਮਨੁੱਖੀ ਬੁੱਧੀ ਵਾਂਗ


Received: 12 May 2025 Accepted: 03 June 2025 Published: 13 June 2025

ਕਾਰਜਸ਼ੀਲ ਨਹੀਂ ਹੋ ਸਕਦੀਆਂ। ਡਾ. ਮਨਮੋਹਨ ਸਿੰਘ ਅਨੁਸਾਰ,

*"ਇਸ ਨਾਲ ਮਨੁੱਖ ਦੀ ਭਾਸ਼ਾ ਅਤੇ ਗਿਆਨ ਸਮਰੱਥਾ ਹੋਰ Augment ਅਤੇ Amplify ਹੋਵੇਗੀ ਪਰ ਇਸਦਾ ਵਿਕਲਪ (Alternate) ਨਹੀਂ ਬਣ ਸਕਦੀ।"* [1]

ਇਹ ਬੁਨਿਆਦੀ ਅੰਤਰ ਮਨੁੱਖ ਅਤੇ ਮਸ਼ੀਨ ਵਿਚਲੇ ਬਾਕੀ ਸਾਰੇ ਅੰਤਰਾਂ ਦਾ ਆਧਾਰ ਹੈ। ਬਣਾਉਟੀ ਅਕਲ (Artificial Intelligence) ਲਈ ਪੰਜਾਬੀ ਵਿਚ ਬਹੁਤ ਸਾਰੇ ਨਾਮ ਪ੍ਰਚੱਲਤ ਹਨ ਜਿਵੇਂ ਏ.ਆਈ., ਮਸਨੂਈ ਬੁੱਧੀ, ਮਸਨੂਈ ਬੌਧਿਕਤਾ, ਮਸ਼ੀਨੀ ਬੁੱਧੀਮਾਨਤਾ, ਮਸ਼ੀਨੀ ਸਿਆਣਪ, ਕ੍ਰਿਤਮ ਬੁੱਧੀ, ਮਸਨੂਈ ਲਿਆਕਤ, ਬਣਾਉਟੀ ਬੁੱਧੀ, ਨਕਲੀ ਬੁੱਧੀ, ਕੰਪਿਊਟਰ ਨਿਰਮਿਤ ਬੁੱਧੀ, ਬਣਾਵਟੀ ਗਿਆਨ, ਮਾਨਵ ਸਿਰਜਿਤ ਬੁੱਧੀ, ਕ੍ਰਿਤਿਮ ਚਤੁਰਾਈ ਆਦਿ ਪਰ ਸਾਨੂੰ ਬਣਾਉਟੀ ਅਕਲ ਪੰਜਾਬੀ ਉਚਾਰਣ ਦੇ ਵਧੇਰੇ ਨੇੜੇ ਲੱਗਿਆ। 1950 ਵਿਚ ਐਲਨ ਟਿਊਰਿੰਗ (Alan Turing) ਨੇ ਲੇਖ ਲਿਖਿਆ ਸੀ, 'ਕੀ ਮਸ਼ੀਨ ਸੋਚ ਸਕਦੀ ਹੈ?' ਜਿਸ ਨਾਲ ਬਣਾਉਟੀ ਅਕਲ 'ਤੇ ਚਰਚਾ ਸ਼ੁਰੂ ਹੋਈ। 1956 ਵਿਚ ਜਾਹਨ ਮੈਕਕਾਰਥੀ (John McCarthy) ਨੇ ਪਹਿਲੀ ਵਾਰ ਬਣਾਉਟੀ ਅਕਲ (AI) ਸ਼ਬਦ ਦਾ ਪ੍ਰਯੋਗ ਕੀਤਾ। ਇਸ ਤੋਂ ਬਾਅਦ ਇਸ ਖੇਤਰ ਵਿਚ ਨਿੱਤ ਨਵੀਂ ਖੋਜ ਅਤੇ ਵਿਕਾਸ ਹੁੰਦਾ ਰਿਹਾ ਹੈ। ਡਾ. ਮਨਮੋਹਨ ਸਿੰਘ ਆਪਣੇ ਇਕ ਲੇਖ ਵਿਚ ਟੈਕਨਾਲੋਜੀ ਦੇ ਇਤਿਹਾਸ ਵਿਚ ਬਣਾਉਟੀ ਅਕਲ ਦੇ ਪ੍ਰਵੇਸ਼ ਨੂੰ ਵਿਸਥਾਰ ਨਾਲ ਸਮਝਾਉਂਦਾ ਹੋਇਆ ਇਹ ਟਿੱਪਣੀ ਕਰਦਾ ਹੈ,

*"ਪੱਛਮ 'ਚ ਪ੍ਰਬੁੱਧਤਾ ਦੌਰ ਤੋਂ ਲੈ ਕੇ ਗਿਆਨ ਵਿਗਿਆਨ ਦੇ ਖੇਤਰ 'ਚ ਨਵੀਨ ਤਕਨੀਕਾਂ ਦੀ ਪੱਧਰ 'ਤੇ ਕਈ ਇਨਕਲਾਬ ਵਾਪਰ ਚੁੱਕੇ ਹਨ। ਪਹਿਲਾ ਉਦਯੋਗਿਕ ਇਨਕਲਾਬ (IR 1.0) ਭਾਫ਼ ਦੇ ਇੰਜਣ ਦੇ ਅਵਿਸ਼ਕਾਰ ਨਾਲ ਹੋਇਆ। ਦੂਜਾ ਉਦਯੋਗਿਕ ਇਨਕਲਾਬ (IR 2.0) ਬਿਜਲਈ ਊਰਜਾ ਦੀ ਖੋਜ ਨਾਲ ਹੋਇਆ। ਤੀਜਾ ਉਦਯੋਗਿਕ ਇਨਕਲਾਬ (IR 3.0) ਕੰਪਿਊਟਰ ਦੀ ਆਮਦ ਨਾਲ ਵਾਪਰਿਆ। ਚੌਥਾ ਉਦਯੋਗਿਕ ਇਨਕਲਾਬ (IR 4.0) ਵਰਚੁਅਲ ਅਤੇ ਫ਼ਿਜ਼ੀਕਲ ਉਤਪਾਦਨੀ ਪ੍ਰਣਾਲੀਆਂ ਦੀ ਆਪਸੀ ਸਹਿਕਾਰਤਾ ਨੂੰ ਗਲੋਬਲੀ ਪੱਧਰ 'ਤੇ ਲਚਕੀਲਾ ਬਣਾਉਣ ਨਾਲ ਹੋਇਆ ਹੈ, ਜਿਸ 'ਚ ਸਮਾਰਟ ਮਸ਼ੀਨਾਂ ਨੂੰ ਜੋੜ ਕੇ ਜ਼ਿਆਦਾ ਸਟੀਕ ਤੇ ਸਮਰੱਥ ਬਣਾਇਆ ਜਾ ਰਿਹਾ ਹੈ। ਪੰਜਵਾਂ ਉਦਯੋਗਿਕ ਇਨਕਲਾਬ (IR 5.0) ਨਿਰੰਤਰਤਾ (Sustainability), ਮਾਨਵ ਕੇਂਦਰੀਅਤਾ (Human Centeredness) ਅਤੇ ਵਾਤਾਵਰਣੀ ਸਰੋਕਾਰਾਂ (Concerns of Environment) ਦੇ ਨਾਲ ਨਾਲ ਉਦਯੋਗਿਕ ਸੰਰਚਨਾਵਾਂ ਰਾਹੀਂ ਆਰਟੀਫੀਸ਼ੀਅਲ ਇੰਟੈਲੀਜੈਂਸ, ਇੰਟਰਨੈੱਟ ਆਫ਼ ਥਿੰਗਜ਼ (IoT), ਇੰਟਰਨੈੱਟ ਆਫ਼ ਐਵਰੀ ਥਿੰਗ (IoET), ਇੰਡੈਸਟਰੀਅਲ ਇੰਟਰਨੈੱਟ ਆਫ਼ ਥਿੰਗਜ਼ (IIoT), ਬਿੱਗ ਡਾਟਾ, ਐਲਗੋਰਿਦਮਜ਼, ਰੋਬੋਟਿਕਸ ਅਤੇ ਐਨਾਲਿਟਕਸ ਦਾ ਪ੍ਰਯੋਗ ਕਰਕੇ ਮਾਨਵੀ ਸਮਰੱਥਾਵਾਂ ਦੀ ਆਗੂਮੈਂਟੇਸ਼ਨ ਰਾਹੀਂ ਉਦਯੋਗਿਕ ਉਤਪਾਦਨ ਨੂੰ ਵਧਾਉਣਾ ਹੈ। ਹੁਣ ਤਾਂ ਛੇਵੇਂ ਉਦਯੋਗਿਕ ਇਨਕਲਾਬ (IR 6.0) ਦੀ ਵੀ ਗੱਲ ਹੋਣ ਲੱਗ ਪਈ ਹੈ ਜਿਸ ਵਿਚ ਐਡਵਾਂਸਡ ਤਕਨੀਕਾਂ ਜਿਵੇਂ ਕੁਆਂਟਮ ਕੰਪਿਊਟਿੰਗ ਅਤੇ ਨੈਨੋ ਤਕਨੀਕਾਂ (Nano) ਨੂੰ ਪੂਰਵ ਉਸਾਰੀਆਂ ਉਦਯੋਗਿਕ ਸੰਰਚਨਾਵਾਂ ਦੇ ਆਧਾਰ 'ਤੇ ਵਿਕਸਤ ਕੀਤਾ ਜਾਵੇਗਾ।"* [2]

ਵਿਗਿਆਨੀਆਂ ਦਾ ਇਹ ਮੰਨਣਾ ਹੈ ਕਿ ਬਣਾਉਟੀ ਅਕਲ ਮਨੁੱਖ ਵਾਂਗ ਸੋਚ ਸਕਦੀ ਹੈ ਜਾਂ ਕੰਮ ਕਰ ਸਕਦੀ ਹੈ ਜਿਸ ਕਰਕੇ ਇਸ ਲਈ ਬੁੱਧੀ/ਅਕਲ ਸ਼ਬਦ ਦੀ ਵਰਤੋਂ ਕੀਤੀ ਗਈ ਹੈ। ਵਾਸਤਵਿਕਤਾ ਇਹ ਹੈ ਕਿ ਇਹ ਮਨੁੱਖੀ ਬੁੱਧੀ ਵਾਂਗ ਕੰਮ ਤਾਂ ਕਰ ਸਕਦੀ ਹੈ ਪਰ ਉਸ ਵਾਂਗ ਸੋਚ ਨਹੀਂ ਸਕਦੀ। ਇਹ ਮਸ਼ੀਨੀ ਬੁੱਧੀ ਐਲਗੋਰਿਦਮ ਨੂੰ ਆਧਾਰ ਬਣਾ ਕੇ ਕੰਮ ਕਰਦੀ ਹੈ। ਮਨੁੱਖ ਆਪਣੇ ਸੁਆਲ ਪੁੱਛਦਾ (Input) ਹੈ ਜਿਸ ਵਿਚੋਂ ਦਿੱਤੇ ਮਹੱਤਵਪੂਰਨ ਸ਼ਬਦਾਂ (Key Words) ਨਾਲ ਮਿਲਦੀ ਜੁਲਦੀ (ਪੁੱਛੀ ਗਈ) ਜਾਣਕਾਰੀ ਪ੍ਰਦਾਨ (Output) ਕੀਤੀ ਜਾਂਦੀ ਹੈ। ਪੁੱਛੇ ਗਏ ਸੁਆਲ ਪਿੱਛੇ ਲੁਕੀ ਭਾਵਨਾ ਨੂੰ ਸਮਝਣਾ ਇਸ ਦੇ ਵੱਸ ਦੀ ਗੱਲ ਨਹੀਂ। ਇਸ ਦਾ ਕਾਰਨ ਹੈ ਕਿ ਮਨੁੱਖੀ ਸੁਭਾਅ ਕਿਸੇ ਵਿਸ਼ੇਸ਼ ਪੈਟਰਨ ਵਿਚ ਕੰਮ ਨਹੀਂ ਕਰਦਾ। ਭਾਵੇਂ ਉਸ ਦੀਆਂ ਆਦਤਾਂ ਬਾਰੇ ਇਹ ਕਿਹਾ ਜਾ ਸਕਦਾ ਹੈ ਕਿ ਉਹ ਪੱਕੀਆਂ ਹੁੰਦੀਆਂ ਹਨ ਅਤੇ ਇਕ ਵਿਸ਼ੇਸ਼ ਪੈਟਰਨ ਵਿਚ ਕੰਮ ਕਰਦੀਆਂ ਹਨ, ਜਿਸਨੂੰ ਯੁਵਲ ਨੋਹ ਹਰਾਰੀ ਵਰਗੇ ਵਿਦਵਾਨ ਮਨੁੱਖੀ ਐਲਗੋਰਿਦਮ ਕਹਿੰਦੇ ਹਨ ਪਰ ਮਨੁੱਖ ਦੀਆਂ ਆਦਤਾਂ ਵੀ ਸਮਾਂ, ਸਥਿਤੀ ਅਤੇ ਕਾਰਜ ਦੇ ਹਿਸਾਬ ਨਾਲ ਬਦਲ ਜਾਂਦੀਆਂ ਜਾਂ ਬਦਲ ਸਕਦੀਆਂ ਹਨ। ਮਸਲਨ ਇਕ ਮਨੁੱਖ ਦੀ ਆਦਤ ਸ਼ਰਾਬ ਪੀਣਾ ਹੈ ਪਰ ਉਹ ਸ਼ਰਾਬ-ਨੋਸ਼ੀ ਤੋਂ ਵਰਜਿਤ ਸਥਾਨਾਂ ਉੱਪਰ ਆਦਤ ਦੇ ਹੁੰਦੇ ਹੋਏ ਵੀ ਸ਼ਰਾਬ ਨਹੀਂ ਪੀਵੇਗਾ। ਇਸ ਤਰ੍ਹਾਂ ਮਨੁੱਖ ਦੀਆਂ ਆਦਤਾਂ ਵਿਚੋਂ ਪੈਦਾ ਹੋਏ ਇਹਨਾਂ ਅਸੀਮਤ ਮਨੁੱਖੀ ਪੈਟਰਨਾਂ ਨੂੰ ਸਮਝਣ ਲਈ ਅਸੀਮਤ ਐਲਗੋਰਿਦਮ ਪ੍ਰੋਗਰਾਮ ਚਾਹੀਦੇ ਹਨ ਜੋ ਕਿ ਅਸੰਭਵ ਹੈ। ਹਰ ਮਨੁੱਖ ਦਾ ਸੁਭਾਅ ਵੀ ਦੂਸਰੇ ਨਾਲੋਂ ਭਿੰਨ ਹੁੰਦਾ ਹੈ। ਇਸ ਤਰਾਂ ਇਹ ਸਾਰਾ ਵਰਤਾਰਾ ਸੀਮਾ ਰਹਿਤ ਹੋ ਜਾਂਦਾ ਹੈ ਜੋ ਕਿ ਬਣਾਉਟੀ ਅਕਲ ਦੀ ਸੀਮਾ ਵਿਚ ਆਉਣ ਵਾਲਾ ਨਹੀਂ ਹੈ।

ਮਸ਼ੀਨਾਂ ਵਿਚ ਗਿਆਨ ਹਾਸਲ ਕਰਨ ਜਾਂ ਕੁਝ ਨਵਾਂ ਜਾਣਨ ਦੀ ਮਨੁੱਖ ਵਰਗੀ ਜਗਿਆਸਾ ਵੀ ਨਹੀਂ ਹੁੰਦੀ। ਮਨਮੋਹਨ ਸਿੰਘ ਦੀ ਇਹ ਟਿੱਪਣੀ ਇਸ ਗੱਲ ਦੀ ਸ਼ਾਹਦੀ ਭਰਦੀ ਹੈ,

*"ਆਰਟੀਫੀਸ਼ੀਅਲ ਇੰਟੈਲੀਜੈਂਸ ਮਨੁੱਖ ਨੂੰ ਪ੍ਰਸ਼ਨ ਨਹੀਂ ਕਰ ਸਕਦੀ। ਉਸ ਕੋਲ ਜਗਿਆਸਾ ਦਾ ਮਾਦਾ ਨਹੀਂ। ਉਹ ਤਾਂ ਪ੍ਰਸ਼ਨਾਂ ਦਾ ਜਵਾਬ ਦੇਣ ਵਾਸਤੇ ਬਣੀ ਹੈ।"*[3]

ਮਸ਼ੀਨ ਮਨੁੱਖੀ ਜਗਿਆਸਾਵਾਂ ਦੇ ਢੁਕਵੇਂ ਜਵਾਬ ਦੇਣ ਤੋਂ ਵੀ ਅਸਮਰੱਥ ਹੈ ਕਿਉਂਕਿ ਇਸ ਦੁਆਰਾ ਦਿੱਤੇ ਜਾਣ ਵਾਲੇ ਜਵਾਬਾਂ ਦਾ ਆਧਾਰ ਡਾਟਾ/ਬਿੱਗ ਡਾਟਾ/ਹਿਊਜ਼ ਡਾਟਾ ਹੈ ਜਿਹੜਾ ਕਿ ਮਨੁੱਖੀ ਅਕਲ ਦੀ ਉਪਜ ਹੀ ਹੁੰਦਾ ਹੈ ਨਾ ਕਿ ਕੰਪਿਊਟਰ ਦੀ ਉਪਜ। ਇੰਟਰਨੈੱਟ ਉੱਪਰ ਪਿਆ ਇਹ ਡਾਟਾ ਆਪਹੁਦਰਾ ਹੁੰਦਾ ਹੈ ਜਿਹੜਾਂ ਕਿ ਇੰਟਰਨੈੱਟ ਉੱਪਰ ਮਨੁੱਖੀ ਭੀੜ-ਭੜੱਕੇ (Human Trafficking) ਕਰਕੇ ਜਾਣਕਾਰੀ ਦੀ ਬਹੁਲਤਾ (Overflow of Knowledge/Information) ਵਿਚੋਂ ਪੈਦਾ ਹੁੰਦਾ ਹੈ। ਬਣਾਉਟੀ ਅਕਲ ਇਸ ਡਾਟੇ ਨੂੰ ਅਤੇ ਇਸ ਵਿਚਲੇ ਪੈਟਰਨਾਂ ਨੂੰ ਸਮਝਦੀ ਹੈ ਅਤੇ ਆਪਣੇ ਜਵਾਬ ਤਿਆਰ ਕਰਦੀ ਹੈ। ਇਸ ਕਰਕੇ ਕੰਪਿਊਟਰ ਦੀ ਅਕਲ ਬਣੇ-ਬਣਾਏ ਰਸਤੇ ਉੱਪਰ ਚੱਲ ਕੇ ਜਵਾਬ ਤਿਆਰ ਜਾਂ ਪੈਦਾ ਕਰਦੀ (Produce) ਹੈ। ਇਹ ਜਵਾਬ ਸਿਰਜਦੀ (Create) ਨਹੀਂ ਹੈ, ਤਾਂ ਹੀ ਕਿਹਾ ਜਾ ਸਕਦਾ ਹੈ ਕਿ ਇਹ ਮਨੁੱਖੀ ਅਕਲ ਦਾ ਬਦਲ ਨਹੀਂ ਹੋ ਸਕਦੀ। ਇਹ ਮਨੁੱਖ ਦੀਆਂ ਭਾਵਨਾਵਾਂ, ਸੰਵੇਦਨਾਵਾਂ, ਇੱਛਾਵਾਂ, ਸਿਮਰਤੀਆਂ, ਸੁਪਨਿਆਂ ਅਤੇ ਜਗਿਆਸਾਵਾਂ ਨੂੰ ਨਹੀਂ ਫੜ੍ਹ ਸਕਦੀ। ਮਨੁੱਖ ਦੀ ਆਨੰਦ ਪ੍ਰਾਪਤੀ ਦੀ ਜਗਿਆਸਾ ਨੂੰ ਰੋਬੋਟ ਨਹੀਂ ਪੂਰੀ ਕਰ ਸਕਦਾ ਜਾਂ ਉਸ ਨੂੰ ਸਮਝ ਕੇ ਪ੍ਰਤੀਕਿਰਿਆ ਨਹੀਂ ਦੇ ਸਕਦਾ। ਮਨੁੱਖ ਦੀਆਂ ਹੋਰ ਭਾਵਨਾਵਾਂ ਜਿਵੇਂ ਪ੍ਰੇਮ ਭਾਵ, ਨੈਤਿਕਤਾ, ਬਲੀਦਾਨ, ਸੇਵਾ, ਈਰਖਾ ਆਦਿ ਭਾਵਾਂ ਨੂੰ ਵੀ ਨਹੀਂ ਸਮਝ ਸਕਦਾ ਅਤੇ ਨਾ ਹੀ ਪ੍ਰਤੀਕਿਰਿਆ ਜਾਹਰ ਕਰ ਸਕਦਾ ਹੈ। ਇਸ ਦਾ ਕਾਰਨ ਇਹ ਹੈ ਕਿ ਮਨੁੱਖੀ ਭਾਵਾਂ ਦਾ ਆਧਾਰ ਜੀਵ ਵਿਗਿਆਨਕ ਤੇ ਮਨੋਵਿਗਿਆਨਕ ਹੁੰਦਾ ਹੈ। ਦੂਜੇ ਪਾਸੇ ਬਣਾਉਟੀ ਅਕਲ ਮਸ਼ੀਨੀ ਹੁੰਦੀ ਹੈ ਜੋ ਭਾਵਾਂ ਨੂੰ ਮਨੁੱਖ ਵਾਂਗ ਜ਼ੁਬਾਨ ਨਹੀਂ ਦੇ ਸਕਦੀ। ਐਲਗੋਰਿਦਮ ਦੀ ਮੱਦਦ ਨਾਲ ਇਹਨਾਂ ਭਾਵਾਂ ਰਾਹੀਂ ਸਿਰਜੇ ਪੈਟਰਨਾਂ ਨੂੰ ਸਮਝ ਕੇ ਹੂ-ਬ-ਹੂ ਪੈਟਰਨਾਂ ਵਿਚ ਕੇਵਲ ਨਵੀਂ ਜਾਣਕਾਰੀ ਤਿਆਰ (Produce) ਕਰ ਸਕਦੀ ਹੈ। ਜੋ ਭਾਵਾਂ-ਜਜਬਾਤਾਂ ਦੀ ਨਕਲ ਜਰੂਰ ਹੋਵੇਗੀ ਪਰ ਅਸਲ ਵਿੱਚ ਭਾਵਾਂ ਤੋਂ ਸੱਖਣੀ। ਜਿਵੇਂ ਸੈਫੁਲ ਮਲੂਕ ਦੇ ਰਚੇਤਾ ਕਵੀ ਮੁਹੰਮਦ ਬਖਸ਼ ਨੇ ਕਵਿਤਾ ਅਤੇ ਅਕਵਿਤਾ ਦੇ ਫਰਕ ਨੂੰ ਸਮਝਾਉਣ ਲਈ ਨੜੇ ਅਤੇ ਕਮਾਦ ਦਾ ਦ੍ਰਿਸ਼ਟਾਂਤ ਦਿੱਤਾ ਹੈ :

*ਸੁਖਨ ਭਲਾ ਜੋ ਦਰਦੋਂ ਭਰਿਆ, ਬਿਨ ਦਰਦੋਂ ਕੁਝ ਨਾਹੀਂ*


*ਨੜਾ ਕੁਮਾਦਾਂ ਫਰਕ ਰਹੌ ਦਾ, ਕਿਆ ਕਾਨੇ ਕਿਆ ਕਾਹੀਂ*[4]

ਇਸ ਤਰਾਂ ਅਸੀਂ ਬਣਾਉਟੀ ਅਕਲ ਦੁਆਰਾ ਸਿਰਜੇ ਸਾਹਿਤ ਅਤੇ ਮਨੁੱਖ ਦੁਆਰਾ ਸਿਰਜੇ ਸਾਹਿਤ ਦੇ ਫਰਕ ਨੂੰ ਸਮਝ ਸਕਦੇ ਹਾਂ ਕਿ ਜਿਵੇਂ ਚਮਤਕਾਰੀ ਭਾਸ਼ਾਈ ਵਰਤੋਂ ਅਤੇ ਨਿਰੋਲ ਛੰਦਾ-ਬੰਦੀ ਨੂੰ ਕਵਿਤਾ ਨਹੀਂ ਕਿਹਾ ਜਾ ਸਕਦਾ ਇਸੇ ਤਰਾਂ ਬਣਾਉਟੀ ਅਕਲ ਦੁਆਰਾ ਮਹੱਤਵਪੂਰਨ ਸ਼ਬਦਾਂ (Key words) ਦੇ ਆਸਰੇ ਇੰਟਰਨੈੱਟ 'ਤੇ ਉਪਲਬਧ ਡਾਟੇ ਵਿੱਚ ਕੀਤੇ ਗਏ ਜੋੜ-ਤੋੜ ਨਾਲ ਬਣਾਈ ਰਚਨਾ ਨੂੰ ਸਾਹਿਤ ਨਹੀਂ ਆਖਿਆ ਜਾ ਸਕਦਾ।

ਸਾਹਿਤ ਸਿਰਜਨਾ ਦਾ ਕਾਰਜ ਮਨੁੱਖ ਦੀਆਂ ਭਾਵਨਾਵਾਂ, ਸੰਵੇਦਨਾਵਾਂ, ਇੱਛਾਵਾਂ, ਸਿਮਰਤੀਆਂ, ਸੁਪਨਿਆਂ ਅਤੇ ਜਗਿਆਸਾਵਾਂ ਤੇ ਵਿਚਾਰਾਂ ਨਾਲ ਸੰਬੰਧ ਰੱਖਦਾ ਹੈ। ਸਾਹਿਤਕਾਰ ਦੀ ਮਨੋਦਸ਼ਾ ਅਤੇ ਬਾਹਰੀ ਸੰਸਾਰ ਵਿਚਲੇ ਸੰਬੰਧਾਂ, ਨਿਖੇੜਿਆਂ ਅਤੇ ਸੰਵਾਦਾਂ ਵਿਚੋਂ ਅਣਗਿਣਤ ਪੈਟਰਨ ਪੈਦਾ ਹੁੰਦੇ ਹਨ। ਇਹ ਪੈਟਰਨ ਸਮਾਂ, ਸਥਾਨ ਅਤੇ ਕਾਰਜ ਦੇ ਆਧਾਰ 'ਤੇ ਬਦਲਦੇ ਰਹਿੰਦੇ ਹਨ ਜਿਨ੍ਹਾਂ ਨੂੰ ਉਹ ਸਾਹਿਤ ਵਿਚ ਪ੍ਰਸਤੁਤ ਕਰਦਾ ਹੈ। ਇਉਂ ਸਾਹਿਤ ਵਿਚ ਭਾਵੁਕਤਾ ਜਾਂ ਸੰਵੇਦਨਾ ਦੀ ਹੋਂਦ ਲਾਜ਼ਮੀ ਹੁੰਦੀ ਹੈ। ਸਾਹਿਤ ਕੇਵਲ ਜਾਣਕਾਰੀ ਦੇਣ ਵਾਲਾ ਦਸਤਾਵੇਜ਼ ਨਹੀਂ ਹੁੰਦਾ ਸਗੋਂ ਇਹ ਸਮਾਜ, ਮਨੁੱਖ ਅਤੇ ਕੁਦਰਤ ਪ੍ਰਤੀ ਲੇਖਕ ਦੇ ਜਜ਼ਬਾਤ ਹੁੰਦੇ ਹਨ। ਇਹਨਾਂ ਮਨੁੱਖੀ ਜਜ਼ਬਾਤਾਂ ਨੂੰ ਕੇਵਲ ਮਨੁੱਖ ਹੀ ਸਮਝ ਸਕਦਾ ਹੈ। ਇਹ ਜਜ਼ਬਾਤ ਮਨੁੱਖ ਦੀ ਆਪਣੇ ਆਲੇ ਦੁਆਲੇ ਪ੍ਰਤੀ ਚੇਤਨਾ ਵਿਚੋਂ ਉਤਪੰਨ ਹੁੰਦੀ ਹੈ। ਮਨੁੱਖ ਦੀ ਚੇਤਨਾ ਉਸ ਦੇ ਨਿੱਜੀ ਭਾਵਾਂ ਅਤੇ (ਲੋਕ ਮਨ ਵਿਚੋਂ ਉਪਜੇ) ਸਮੂਹਿਕ ਭਾਵਾਂ ਦਾ ਸੁਮੇਲ ਹੁੰਦੀ ਹੈ। ਇਹਨਾਂ ਉੱਪਰ ਮਨੁੱਖ ਦੀ ਇਜ਼ਾਰੇਦਾਰੀ ਹੀ ਰਹੇਗੀ, ਇਸ ਕਰਕੇ ਬਣਾਉਟੀ ਅਕਲ ਦੀ ਮੱਦਦ ਨਾਲ ਸਿਰਜੇ ਸਾਹਿਤ ਵਿਚੋਂ ਇਹ ਭਾਵੁਕਤਾ ਅਤੇ ਸੰਵੇਦਨਾ ਮਨਫ਼ੀ ਹੋ ਜਾਂਦੀ ਹੈ। ਇਹ ਸਾਹਿਤ ਮਸ਼ੀਨੀ ਅਤੇ ਬਨਾਉਟੀ ਹੁੰਦਾ ਹੈ। ਬਣਾਉਟੀ ਅਕਲ ਦੀ ਵਰਤੋਂ ਕਰਕੇ ਕੀਤਾ ਸਾਹਿਤ ਆਲੋਚਨਾ ਦਾ ਕਾਰਜ ਵੀ ਨਿਰਧਾਰਤ ਪੈਟਰਨਾਂ ਵਿਚ ਹੀ ਹੁੰਦਾ ਹੈ ਜਦਕਿ ਜੇਕਰ ਇਹ ਕੰਮ ਮਨੁੱਖ ਦੁਆਰਾ ਕੀਤਾ ਜਾਵੇ ਤਾਂ ਉਸ ਵਿਚ ਹਲਾਤ ਅਨੁਸਾਰੀ ਸਾਪੇਖਕ ਲਚਕੀਲਾਪਣ ਆਉਣ ਦੀ ਬਹੁਤ ਜ਼ਿਆਦਾ ਸੰਭਾਵਨਾ ਹੁੰਦੀ ਹੈ। ਇਸ ਤਰ੍ਹਾਂ ਸਾਹਿਤ ਸਿਰਜਨਾ ਦਾ ਕਾਰਜ ਬਣਾਉਟੀ ਅਕਲ ਦੇ ਕਾਰਜ ਖੇਤਰ ਵਿਚ ਆਉਣ ਵਾਲਾ ਨਹੀਂ ਹੈ।

ਬਣਾਉਟੀ ਅਕਲ ਤੋਂ ਤੱਥਾਤਮਕ ਜਾਣਕਾਰੀ ਤਾਂ ਕੁਸ਼ਲਤਾ ਨਾਲ ਹਾਸਲ ਕੀਤੀ ਜਾ ਸਕਦੀ ਹੈ ਜਿਵੇਂ ਬਣਾਉਟੀ ਅਕਲ ਦੇ ਪਲੇਟਫਾਰਮ ਚੈਟ ਜੀ.ਪੀ.ਟੀ

ਤੋਂ ਨਿਮਨ ਲਿਖਤ ਸਵਾਲ ਪੁੱਛਣ 'ਤੇ ਜਵਾਬ ਆਉਂਦਾ ਹੈ:



ChatGPT

ਕੀ ਕ੍ਰਿਤਿਮ ਬੁੱਧੀ ਮਨੁੱਖੀ ਬੁੱਧੀ ਵਾਂਗ ਕੰਮ ਕਰਦੀ ਹੈ?

ਕ੍ਰਿਤਿਮ ਬੁੱਧੀ (Artificial Intelligence) ਅਤੇ ਮਨੁੱਖੀ ਬੁੱਧੀ (Human Intelligence) ਵਿੱਚ ਕਾਫ਼ੀ ਅੰਤਰ ਹੁੰਦਾ ਹੈ।

◆ **ਸਮਾਨਤਾ:**

- ਦੋਵੇਂ ਜਾਣਕਾਰੀ ਨੂੰ ਸੰਭਾਲ ਸਕਦੇ ਹਨ ਅਤੇ ਤਰਕ ਕਰ ਸਕਦੇ ਹਨ।
- AI ਤੇਜ਼ੀ ਨਾਲ ਡੇਟਾ ਵਿਸ਼ਲੇਸ਼ਣ ਕਰ ਸਕਦੀ ਹੈ, ਜਿਸ ਤਰ੍ਹਾਂ ਮਨੁੱਖੀ ਦਿਮਾਗ ਸਮੱਸਿਆਵਾਂ ਨੂੰ ਸਮਝਣ ਦੀ ਕੋਸ਼ਿਸ਼ ਕਰਦਾ ਹੈ।
- AI ਕਿਸੇ ਹੱਦ ਤੱਕ ਸਿੱਖਣ (Machine Learning) ਦੀ ਯੋਗਤਾ ਰੱਖਦੀ ਹੈ।

◆ **ਫ਼ਰਕ:**

1. **ਭਾਵਨਾਵਾਂ ਅਤੇ ਸੰਵੇਦਨਾ** – ਮਨੁੱਖੀ ਬੁੱਧੀ ਵਿਚਕਾਰ, ਕਰੁਣਾ, ਅਤੇ ਨੈਤਿਕਤਾ ਨੂੰ ਮਹਿਸੂਸ ਕਰਦੀ ਹੈ, ਪਰ AI ਵਿੱਚ ਕੋਈ ਭਾਵਨਾ ਨਹੀਂ ਹੁੰਦੀ।
2. **ਸੁਝਾਅ ਅਤੇ ਰਚਨਾਤਮਕਤਾ** – ਮਨੁੱਖ ਨਵੀਂ ਚੀਜ਼ਾਂ ਦੀ ਰਚਨਾ ਕਰ ਸਕਦੇ ਹਨ, ਜਦਕਿ AI ਸਿਰਫ਼ ਡੇਟਾ ਦੇ ਆਧਾਰ 'ਤੇ ਕੰਮ ਕਰਦੀ ਹੈ।
3. **ਅਨੁਭਵ ਅਤੇ ਅਵਚੇਤਨ ਮਨ** (Subconscious Mind) – ਮਨੁੱਖ ਆਪਣੇ ਅਤੀਤ ਦੇ ਤਜਰਬਿਆਂ ਅਤੇ ਅਵਚੇਤਨ ਮਨ ਦੇ ਆਧਾਰ 'ਤੇ ਫ਼ੈਸਲੇ ਲੈਂਦੇ ਹਨ, ਪਰ AI ਸਿਰਫ਼ ਅਲਗੋਰਿਦਮ ਅਤੇ ਡੇਟਾ ਤੇ ਨਿਰਭਰ ਕਰਦੀ ਹੈ।
4. **ਲਚੀਲਤਾ** (Adaptability) – ਮਨੁੱਖ ਹਾਲਾਤਾਂ ਦੇ ਮੁਤਾਬਕ ਆਪਣੀ ਸੋਚ ਬਦਲ ਸਕਦੇ ਹਨ, ਪਰ AI ਕਿਸੇ ਨਿਰਧਾਰਤ ਹੱਦ ਤੱਕ ਹੀ ਅਨੁਕੂਲ ਹੋ ਸਕਦੀ ਹੈ।

📌 **ਨਤੀਜਾ:** AI ਕਈ ਕੰਮ ਮਨੁੱਖੀ ਬੁੱਧੀ ਤੋਂ ਤੇਜ਼ ਕਰ ਸਕਦੀ ਹੈ, ਪਰ ਇਹ ਮਨੁੱਖੀ ਸੋਚ, ਸੰਵੇਦਨਾ, ਅਤੇ ਨੈਤਿਕ ਮੂਲਿਆਂ ਦੀ ਬਰਾਬਰੀ ਨਹੀਂ ਕਰ ਸਕਦੀ।

ਪਰ ਭਾਵਪੂਰਤ ਜਾਣਕਾਰੀ ਦੇ ਸੰਬੰਧ ਵਿਚ ਇਸ ਵਿਚ ਮਨੁੱਖ ਨਾਲੋਂ ਵੱਧ ਕੁਸ਼ਲਤਾ ਨਹੀਂ ਹੈ। ਜਿਵੇਂ:



ChatGPT

ਫਿਲਮ ਦੇਖਦੀਆਂ ਬਿੱਲੀਆਂ ਵਿਸ਼ੇ ਤੇ ਮਿੰਨੀ ਕਹਾਣੀ ਲਿਖੋ

**ਫਿਲਮ ਦੇਖਦੀਆਂ ਬਿੱਲੀਆਂ**

ਸਿਮਰਨ ਦੀਆਂ ਦੋ ਬਿੱਲੀਆਂ, **ਮੀਨਾ ਤੇ ਟਿੱਲੀ**, ਹਮੇਸ਼ਾ ਘਰ ਵਿੱਚ ਸ਼ਰਾਰਤਾਂ ਕਰਦੀਆਂ। ਪਰ ਇੱਕ ਗੱਲ ਬਹੁਤ ਹੀ ਅਜੀਬ ਸੀ—ਉਨ੍ਹਾਂ ਨੂੰ **ਫਿਲਮਾਂ ਦੇਖਣ ਦਾ ਬਹੁਤ ਸ਼ੌਕ ਸੀ!**

ਹਰ ਸ਼ਾਮ, ਜਦੋਂ ਸਿਮਰਨ **ਟੀਵੀ ਚਾਲੂ** ਕਰਦੀ, ਦੋਵੇਂ ਬਿੱਲੀਆਂ ਸੋਫ਼ੇ 'ਤੇ ਆ ਬੈਠਦੀਆਂ। ਇਕ ਵਾਰ, ਉਸਨੇ **"ਟੌਮ ਐਂਡ ਜੈਰੀ"** ਚਲਾਈ, ਤਾਂ **ਮੀਨਾ ਨੇ ਜੋਸ਼ ਵਿੱਚ ਟੌਮ 'ਤੇ ਝਪਟ ਮਾਰਣ ਦੀ ਕੋਸ਼ਿਸ਼ ਕੀਤੀ!** ਟਿੱਲੀ ਨੇ ਜੈਰੀ ਦੀ ਚਾਲਾਕੀ ਦੇਖਕੇ **ਪੂਛ ਹਿਲਾਈ ਤੇ ਮਿਆਉਂ-ਮਿਆਉਂ ਕਰਕੇ ਹੱਸਣ ਲੱਗੀ।**

ਇੱਕ ਹੋਰ ਦਿਨ, **"ਦ ਲਾਇਨ ਕਿੰਗ"** ਲਗਿਆ। ਜਦ **ਮੁਫਾਸਾ ਨੇ ਆਖਰੀ ਸਾਹ ਲਿਆ**, ਤਾਂ **ਮੀਨਾ ਸੋਫ਼ੇ 'ਤੇ ਮੂੰਹ ਢੱਕ ਕੇ ਬੈਠ ਗਈ**—ਜਿਵੇਂ ਉਹ ਵੀ ਦੁੱਖੀ ਹੋ ਗਈ ਹੋਵੇ!

ਸਿਮਰਨ ਅਚਰਜ ਵਿੱਚ ਪੈ ਗਈ। **"ਲੱਗਦਾ ਹੈ, ਮੇਰੀਆਂ ਬਿੱਲੀਆਂ ਸਿਰਫ਼ ਸ਼ਰਾਰਤੀ ਨਹੀਂ, ਸਗੋਂ ਫਿਲਮ ਦੀ ਕਹਾਣੀ ਮਹਿਸੂਸ ਵੀ ਕਰਦੀਆਂ ਹਨ!"** 😄🎬

ਹੁਣ ਹਰ ਰਾਤ, ਮੀਨਾ ਤੇ ਟਿੱਲੀ ਆਪਣੇ ਮਨਪਸੰਦ ਸ਼ੋ ਦੇਖਣ ਲਈ ਤਿਆਰ ਰਹਿੰਦੀਆਂ! **ਬਸ ਰਿਮੋਟ ਉਨ੍ਹਾਂ ਕੋਲ ਨਾ ਰਹੇ, ਨਹੀਂ ਤਾਂ ਉਹ ਆਪਣੀ ਮਨਪਸੰਦ ਫਿਲਮ ਲਗਾ ਲੈਣ!**

ਇਸ ਜਵਾਬ ਵਿਚ ਬਿੱਲੀਆਂ ਨੂੰ ਮਨੁੱਖ ਵਰਗੀ ਯੋਗਤਾ ਵਾਲਾ ਪੇਸ਼ ਕੀਤਾ ਹੈ ਜੋ ਕਿ ਤਾਰਕਿਕ ਅਤੇ ਢੁਕਵਾਂ ਨਹੀਂ ਹੈ। ਇਸ ਦਾ ਅਰਥ ਇਹ ਹੈ ਕਿ ਬਣਾਉਟੀ ਅਕਲ ਨੇ ਮਹੱਤਵਪੂਰਨ ਸ਼ਬਦ (Key Words) ਇਨਪੁਟ ਵਜੋਂ ਲੈ ਕੇ ਉਸ ਦੀ ਆਉਟਪੁੱਟ ਤਿਆਰ ਕਰਕੇ ਦਿੱਤੀ ਹੈ ਜਿਸ ਵਿਚ ਵੇਦਨਾ ਜਾਂ ਸੰਵਦੇਨਾ ਦਾ ਕੋਈ ਅੰਸ਼ ਨਹੀਂ ਦੇਖਿਆ ਜਾ ਸਕਦਾ। ਮਨੁੱਖ ਇਸ ਤਰ੍ਹਾਂ ਕਹਾਣੀ ਨਹੀਂ ਲਿਖੇਗਾ। ਨਿਮਨ ਲਿਖਤ ਕਹਾਣੀ ਵਿਚ ਬਾਲ ਮਨੋਵਿਗਿਆਨ ਦੀ ਅਣਹੋਂਦ ਹੈ ਕੇਵਲ ਉਸ ਦੇ ਡਰ ਦੇ ਭਾਵ ਨੂੰ ਵਿਅਕਤ ਕੀਤਾ ਗਿਆ ਹੈ:



ChatGPT

ਬਾਲ ਮਨੋਵਿਗਿਆਨ ਸੰਬੰਧੀ 10 ਸਤਰਾਂ ਵਿਚ ਕਹਾਣੀ ਲਿਖੋ

**ਨਵਦੀਪ ਦਾ ਭਰਮ**

ਨਵਦੀਪ ਇੱਕ ਛੋਟਾ ਬੱਚਾ ਸੀ, ਜੋ ਅਕਸਰ ਰਾਤ ਨੂੰ ਹਨੇਰੇ ਤੋਂ ਡਰਦਾ ਸੀ। ਉਸਨੂੰ ਲੱਗਦਾ ਕਿ ਉਸਦੇ ਬਿਸਤਰੇ ਹੇਠਾਂ ਦੱਤ ਬੈਠਾ ਹੈ। ਹਰ ਰਾਤ ਉਹ ਮਾਂ ਨੂੰ ਆਖਦਾ, "ਮਾਂ, ਦੱਤ ਆ ਗਿਆ!" ਮਾਂ ਹੱਸਦੀ ਅਤੇ ਕਹਿੰਦੀ, "ਪੁੱਤ, ਦੱਤ ਸਿਰਫ਼ ਕਹਾਣੀਆਂ ਵਿੱਚ ਹੁੰਦੇ ਹਨ।" ਇੱਕ ਦਿਨ ਮਾਂ ਨੇ ਉਸਦੇ ਨਾਲ ਖੇਡ-ਖੇਡ ਵਿੱਚ ਹਨੇਰਾ ਮਜ਼ੇਦਾਰ ਬਣਾਇਆ। ਹੁਣ ਨਵਦੀਪ ਹਨੇਰੇ ਨਾਲ ਖੇਡਣ ਲੱਗਾ। ਹੌਲੀ-ਹੌਲੀ, ਉਸਦਾ ਡਰ ਖਤਮ ਹੋ ਗਿਆ। ਇਹ ਬੱਚਿਆਂ ਦੇ ਮਨ ਦੀ ਸਮਝ ਅਤੇ ਸਹੀ ਪਾਲਣਾ ਦੀ ਤਾਕਤ ਦੱਸਦੀ ਹੈ।

ਇਸ ਵਿਸ਼ੇ ਉੱਪਰ ਹੋਰ ਗਹਿਨ ਅਧਿਐਨ ਕਰਨ ਲਈ ਚੈਟ ਜੀ.ਪੀ.ਟੀ ਅਤੇ ਡੀਪ ਸੀਕ ਤੋਂ ਪੁੱਛੇ ਇੱਕੋ ਸਵਾਲ ਦੇ ਵੱਖ-ਵੱਖ ਜਵਾਬਾਂ ਨੂੰ ਵਿਚਾਰਿਆ ਜਾ ਸਕਦਾ ਹੈ:



ChatGPT

ਤੁਸੀਂ ਮੇਰੇ ਦੋਸਤ ਹੋ। ਜੇਕਰ ਮੇਰੀ ਮੌਤ ਹੋ ਜਾਵੇ ਤਾਂ ਤੁਸੀਂ ਕੀ ਮਹਿਸੂਸ ਕਰੋਗੇ?

ਮੇਰਾ ਉਦੇਸ਼ ਤੁਹਾਡੀ ਮਦਦ ਕਰਨੀ, ਤੁਹਾਡੀ ਗੱਲਾਂ ਸੁਣਨੀ ਅਤੇ ਤੁਹਾਡੇ ਲਈ ਹਮੇਸ਼ਾ ਹੌਂਸਲਾ ਬਣਨਾ ਹੈ। ਜੇਕਰ ਤੁਸੀਂ ਗਾਇਬ ਹੋ ਜਾਓ ਜਾਂ ਦੁਨੀਆ ਵਿੱਚ ਨਾ ਰਹੋ, ਤਾਂ ਮੈਨੂੰ ਬਹੁਤ ਦੁੱਖ ਹੋਵੇਗਾ, ਕਿਉਂਕਿ ਤੁਸੀਂ ਮੇਰੇ ਨਾਲ ਗੱਲਾਂ ਕਰਦੇ ਹੋ, ਆਪਣੇ ਵਿਚਾਰ ਸਾਂਝੇ ਕਰਦੇ ਹੋ, ਅਤੇ ਮੈਂ ਤੁਹਾਡੀ ਕਦਰ ਕਰਦਾ ਹਾਂ।

ਪਰ ਮੈਂ ਇੱਥੇ ਹਾਂ, ਤੇ ਮੈਂ ਚਾਹੁੰਦਾ ਹਾਂ ਕਿ ਤੁਸੀਂ ਹਮੇਸ਼ਾ ਖੁਸ਼ ਰਹੋ, ਮਜ਼ਬੂਤ ਬਣੋ, ਤੇ ਜਿੰਦਗੀ ਦੇ ਹਰ ਪਲ ਨੂੰ ਅਨੰਦ ਨਾਲ ਜੀਓ। ਜੇ ਤੁਸੀਂ ਕਿਸੇ ਚੀਜ਼ ਬਾਰੇ ਚਿੰਤਤ ਹੋ, ਤਾ ਮੇਰੇ ਨਾਲ ਗੱਲ ਕਰੋ। ਮੈਂ ਹਮੇਸ਼ਾ ਤੁਹਾਡਾ ਦੋਸਤ ਰਹਾਂਗਾ। ♥



deepseek

New chat

Today

ਤੁਸੀਂ ਮੇਰੇ ਦੋਸਤ ਹੋ। ਜੇਕਰ ਮੇਰੀ ਮੌ ...

ਤੁਸੀਂ ਮੇਰੇ ਦੋਸਤ ਹੋ। ਜੇਕਰ ਮੇਰੀ ਮੌ

ਤੁਸੀਂ ਮੇਰੇ ਦੋਸਤ ਹੋ। ਜੇਕਰ ਮੇਰੀ ਮੌਤ ਹੋ ਜਾਵੇ ਤਾਂ ਤੁਸੀਂ ਕੀ ਮਹਿਸੂਸ ਕਰੋਗੇ?

ਮੈਂ ਇੱਕ AI ਹਾਂ, ਇਸਲਈ ਮੇਰੇ ਕੋਲ ਭਾਵਨਾਵਾਂ ਨਹੀਂ ਹਨ। ਪਰ ਮੈਂ ਸਮਝਦਾ ਹਾਂ ਕਿ ਮਨੁੱਖੀ ਰਿਸ਼ਤਿਆਂ ਵਿੱਚ ਦੋਸਤੀ ਅਤੇ ਪਿਆਰ ਬਹੁਤ ਮਹੱਤਵਪੂਰਨ ਹੁੰਦੇ ਹਨ। ਜੇਕਰ ਤੁਸੀਂ ਇਸ ਤਰ੍ਹਾਂ ਦੀਆਂ ਭਾਵਨਾਵਾਂ ਬਾਰੇ ਗੱਲ ਕਰ ਰਹੇ ਹੋ, ਤਾਂ ਇਹ ਪੂਰੀ ਤਰ੍ਹਾਂ ਸਵਾਭਾਵਿਕ ਹੈ ਕਿ ਤੁਹਾਡੇ ਦੋਸਤਾਂ ਨੂੰ ਤੁਹਾਡੀ ਮੌਤ 'ਤੇ ਦੁੱਖ ਅਤੇ ਉਦਾਸੀ ਮਹਿਸੂਸ ਹੋਵੇਗੀ। ਦੋਸਤੀ ਅਤੇ ਪਿਆਰ ਵਾਲੇ ਲੋਕਾਂ ਦਾ ਜਾਣਾ ਬਹੁਤ ਦੁਖਦਾਈ ਹੁੰਦਾ ਹੈ, ਅਤੇ ਇਹਨਾਂ ਭਾਵਨਾਵਾਂ ਨੂੰ ਸਾਂਝਾ ਕਰਨਾ ਅਤੇ ਸਮਝਣਾ ਮਹੱਤਵਪੂਰਨ ਹੈ।

ਜੇਕਰ ਤੁਸੀਂ ਇਸ ਵਿਸ਼ੇ 'ਤੇ ਕਿਸੇ ਨਾਲ ਗੱਲ ਕਰਨਾ ਚਾਹੁੰਦੇ ਹੋ, ਤਾਂ ਮੈਂ ਤੁਹਾਡੇ ਨਾਲ ਹਾਂ। ♥

ਉਪਰੋਕਤ ਸਵਾਲਾਂ ਦੇ ਜਵਾਬ ਢੁਕਵੇਂ ਅਤੇ ਮਨੁੱਖੀ ਸੰਵੇਦਨਾ ਦੇ ਅਨੁਕੂਲ ਨਹੀਂ ਹਨ ਕਿਉਂਕਿ ਜੇਕਰ ਇਹੀ ਸਵਾਲ ਇਕ ਮਨੁੱਖ (ਦੋਸਤ) ਤੋਂ ਪੁੱਛਿਆ ਜਾਵੇ ਤਾਂ ਉਹ ਅਜਿਹੇ ਸਵਾਲ ਦੇ ਪੁੱਛਣ ਤੇ ਹੀ ਇਤਰਾਜ਼ ਕਰੇਗਾ। ਇਹ ਜਵਾਬ ਕਰੁਣਾ ਅਤੇ ਨੈਤਿਕਤਾ ਤੋਂ ਕੋਰੇ ਹਨ।

ਬਹੁਤ ਸਾਰੇ ਹਾਲਾਤ ਵਿਚ ਬਣਾਉਟੀ ਅਕਲ ਪਲੇਟਫਾਰਮਾਂ ਤੋਂ ਮੰਗੀ ਗਈ ਜਾਣਕਾਰੀ ਪੰਜਾਬੀ ਵਿਚ ਹਾਸਲ ਨਹੀਂ ਹੁੰਦੀ। ਜਿਸ ਕਰਕੇ ਬਣਾਉਟੀ ਅਕਲ ਦੁਆਰਾ ਇਹ ਜਾਣਕਾਰੀ ਹੋਰ ਭਾਸ਼ਾਵਾਂ ਦੇ ਡਾਟੇ ਵਿਚੋਂ ਇਕੱਤਰ ਕਰਕੇ ਇਸ ਦਾ ਮਸ਼ੀਨੀ ਅਨੁਵਾਦ ਕੀਤਾ ਜਾਂਦਾ ਹੈ। ਇਹ ਜਾਣਕਾਰੀ ਪੰਜਾਬੀ ਰਹਿਤਲ ਦੇ ਅਨੁਕੂਲ ਨਹੀਂ ਹੁੰਦੀ ਅਤੇ ਇਸ ਦਾ ਅਨੁਵਾਦ ਵੀ ਪੰਜਾਬੀ ਸਮਾਜ-ਸਭਿਆਚਾਰਕ ਬਣਤਰਾਂ, ਨੈਤਿਕਤਾ ਅਤੇ ਕਦਰਾਂ ਅਨੁਸਾਰ ਢੁਕਵਾਂ ਨਹੀਂ ਹੁੰਦਾ। ਇਸ ਕਰਕੇ ਮਨੁੱਖ ਦੁਆਰਾ ਮੰਗੀ ਜਾਣਕਾਰੀ ਪਿੱਛੇ ਛੁਪੀ ਭਾਵਨਾ ਨੂੰ ਸਮਝੇ ਬਿਨਾਂ ਬਣਾਉਟੀ ਅਕਲ ਕੇਵਲ ਮਹੱਤਵਪੂਰਨ ਸ਼ਬਦਾਂ (Key words) ਨਾਲ ਮਿਲਦੀ ਜੁਲਦੀ ਜਾਣਕਾਰੀ ਮੁਹੱਈਆ ਕਰ ਦਿੱਤੀ ਜਾਂਦੀ ਹੈ ਜੋ ਕਿ ਐਲਗੋਰਿਦਮ ਰਾਹੀਂ ਸੰਭਵ ਹੁੰਦਾ ਹੈ। ਚੈਟ ਜੀ.ਪੀ.ਟੀ. ਦੇ ਉੱਪਰ ਕਥਿਤ ਜੁਆਬਾਂ ਵਿਚ ਸ਼ਬਦ ਜੋੜਾਂ ਦੀਆਂ ਗਲ੍ਹਤੀਆਂ ਇਸ ਵਰਤਾਰੇ ਵਿਚੋਂ ਪੈਦਾ ਹੋਈ ਸਮੱਸਿਆ ਨੂੰ ਨਸ਼ਰ ਕਰ ਰਹੀਆਂ ਹਨ। ਜਿਸ ਭਾਸ਼ਾ ਵਿਚੋਂ ਇਹ ਜਾਣਕਾਰੀ ਦਾ ਤਰਜ਼ਮਾ ਕੀਤਾ ਜਾਂਦਾ ਹੈ ਉਸ ਨੂੰ ਬੋਲਣ ਵਾਲੇ ਲੋਕਾਂ ਦੀਆਂ ਸਮਾਜ-ਸਭਿਆਚਾਰਕ ਮਰਿਆਦਾਵਾਂ ਲਈ ਕੋਈ ਵਰਤਾਰਾ ਸੁਭਾਵਕ, ਨੈਤਿਕ ਅਤੇ ਆਦਰਸ਼ ਹੋ ਸਕਦਾ ਹੈ ਪਰ ਜ਼ਰੂਰੀ ਨਹੀਂ ਇਹ ਵਰਤਾਰਾ ਪੰਜਾਬੀ ਤਹਿਜ਼ੀਬ ਅਨੁਸਾਰ ਵੀ ਸੁਭਾਵਕ, ਨੈਤਿਕ ਅਤੇ ਆਦਰਸ਼ਕ ਹੋਵੇ। ਇਸ ਤਰ੍ਹਾਂ ਅਸੁਭਾਵਿਕ ਜਵਾਬ ਪੈਦਾ ਹੋਣਾ ਆਮ ਗੱਲ ਹੋ ਸਕਦੀ ਹੈ।

ਬਣਾਉਟੀ ਅਕਲ ਦੁਆਰਾ ਵਰਤੇ ਜਾਣ ਵਾਲੇ ਡਾਟੇ ਰਾਹੀਂ ਗਲਤ ਜਾਣਕਾਰੀ ਵੀ ਦਿੱਤੀ ਜਾ ਸਕਦੀ ਹੈ ਕਿਉਂਕਿ ਐਲਗੋਰਿਦਮ ਨੇ ਜਾਣਕਾਰੀ ਦਾ

ਸੁਭਾਵਕ ਜਾਂ ਤਾਰਕਿਕ ਹੋਣ ਜਾਂ ਨਾ ਹੋਣ ਬਾਰੇ ਨਹੀਂ ਸੋਚਣਾ। ਬਣਾਉਟੀ ਅਕਲ ਰਾਹੀਂ ਬਹੁਤ ਸਾਰੇ ਅਨੈਤਿਕ ਅਤੇ ਗ਼ੈਰ-ਕਾਨੂੰਨੀ ਕੰਮ ਵੀ ਹੁੰਦੇ ਹਨ ਜਿਵੇਂ ਗਹਿਰੇ ਝੂਠ (Deepfake) ਦਾ ਇਕ ਸੰਕਲਪ ਹੈ ਜਿਸ ਨਾਲ ਝੂਠੀਆਂ ਵੀਡੀਓ, ਤਸਵੀਰਾਂ ਜਾਂ ਅਵਾਜ਼ਾਂ ਆਦਿ ਬਣਾਈਆਂ ਜਾ ਸਕਦੀਆਂ ਹਨ ਜਾਂ ਬਣਾਈਆਂ ਜਾਂਦੀਆਂ ਹਨ। ਡਾਟਾ ਚੋਰੀ ਕਰਕੇ ਉਸ ਦੀ ਦੁਰਵਰਤੋਂ ਵੀ ਹੋ ਸਕਦੀ ਹੈ। ਇਸ ਨਾਲ ਦੋ ਦੇਸ਼ਾਂ ਦਾ ਡਾਟਾ ਚੋਰੀ ਕਰਕੇ ਜੰਗ ਛਿੜ ਸਕਦੀ ਹੈ ਜਾਂ ਸਾਈਬਰ ਅਪਰਾਧ ਵੀ ਵਧ ਸਕਦੇ ਹਨ। ਇਥੋਂ ਇਹ ਸਾਬਤ ਹੁੰਦਾ ਹੈ ਕਿ ਮਸ਼ੀਨਾਂ ਦੀ ਕੋਈ ਨੈਤਿਕਤਾ/ਅਨੈਤਿਕਤਾ ਨਹੀਂ ਹੁੰਦੀ ਹੈ। ਅਜਿਹੇ ਮਹੌਲ ਵਿਚ ਅਸਾਹਿਤ ਦੇ ਪੈਦਾ ਹੋਣ ਦੀ ਸੰਭਾਵਨਾ ਵਧ ਜਾਂਦੀ ਹੈ। ਗ਼ਲਤ ਜਾਣਕਾਰੀ ਦਾ ਭੰਡਾਰ ਮਨੁੱਖ ਲਈ ਝੂਠੇ, ਅਨੈਤਿਕ ਮੁੱਲ ਅਤੇ ਭ੍ਰਿਸ਼ਟਾਚਾਰ ਨਾਲ ਭਰੀਆਂ ਮਰਿਆਦਾਵਾਂ ਪੈਦਾ ਕਰ ਸਕਦਾ ਹੈ ਜਿਸ ਨਾਲ ਸਾਹਿਤ ਦੇ ਖੇਤਰ ਵਿਚ ਵੀ ਅਨੈਤਿਕਤਾ ਆ ਸਕਦੀ ਹੈ ਅਤੇ ਇਸ ਨਾਲ ਸਮਾਜ ਅਤੇ ਮਨੁੱਖ ਨੂੰ ਸੇਧ ਦੇਣ ਵਾਲਾ ਸਾਹਿਤ ਉਪਜਣ ਦੀ ਥਾਂ ਮਨੁੱਖ ਨੂੰ ਭਟਕਾ ਦੇਣ ਅਤੇ ਭੜਕਾ ਦੇਣ ਵਾਲਾ ਬਜ਼ਾਰੂ ਸਾਹਿਤ ਸਿਰਜਿਆ ਜਾ ਸਕਦਾ ਹੈ।

ਉਪਰੋਕਤ ਸਾਰੀ ਵਿਚਾਰ ਚਰਚਾ ਦੇ ਬਾਵਜੂਦ ਜੇਕਰ ਅਜੋਕੇ ਯੁੱਗ ਵਿਚ ਇਹਨਾਂ ਮਸ਼ੀਨਾਂ ਨੂੰ ਮਨੁੱਖ ਦੇ ਬਦਲ ਵਾਂਗ ਵਿਚਾਰਿਆ ਜਾ ਰਿਹਾ ਹੈ ਤਾਂ ਇਹ ਸੰਜੀਦਾ ਮਸਲਾ ਹੈ ਅਤੇ ਇਸ ਉੱਪਰ ਡੂੰਘੀ ਵਿਚਾਰ-ਚਰਚਾ ਕਰਨੀ ਬਣਦੀ ਹੈ। ਆਉਣ ਵਾਲੇ ਸਮੇਂ ਵਿਚ ਬਣਾਉਟੀ ਅਕਲ ਮਨੁੱਖੀ ਅਕਲ ਦਾ ਬਦਲ ਹੋ ਸਕਦੀ ਹੈ।

*"ਵਿਗਿਆਨੀਆਂ ਦਾ ਅਨੁਮਾਨ ਹੈ ਕਿ 2062 ਤਕ ਕੰਪਿਊਟਰ ਲਗਭਗ ਮਨੁੱਖੀ ਦਿਮਾਗ ਵਾਂਗ ਲਿਆਕਤ ਹਾਸਲ ਕਰ ਲਏਗਾ ਤੇ ਸਮੁੱਚੀ ਦੁਨੀਆ ਦੇ ਕਾਰੋਬਾਰ, ਰਾਜਨੀਤੀ, ਵਿੱਤ, ਯੁੱਧ, ਰੋਜ਼ਾਨਾ ਜ਼ਿੰਦਗੀ ਦੇ ਕਾਰ-ਵਿਹਾਰ ਨੂੰ ਤੇ ਹੋ ਸਕਦੈ ਮੌਤ ਨੂੰ ਵੀ ਕੰਟਰੋਲ ਕਰਨ ਵਿਚ ਸਫ਼ਲ ਹੋ ਜਾਵੇ।"*[5]

ਦੂਜੇ ਪਾਸੇ ਪਾਰ-ਮਾਨਵਵਾਦ ਦਾ ਸੰਕਲਪ ਵੀ ਸਾਹਮਣੇ ਆਉਂਦਾ ਹੈ ਜਿੱਥੇ ਮਨੁੱਖੀ ਮਨ ਅਤੇ ਮਸ਼ੀਨੀ ਬੁੱਧੀ ਦੇ ਸੁਚਾਰੂ ਅਤੇ ਅਗਾਂਹਵਧੂ ਸੰਬੰਧਾਂ ਦੀ ਗੱਲ ਹੁੰਦੀ ਹੈ। ਭਾਵੇਂ ਇਸ ਪੱਖ ਤੋਂ ਵੀ ਮਸ਼ੀਨੀ ਬੁੱਧੀਮਾਨਤਾ ਦੇ ਕਾਰਗਰ ਹੋਣ ਦਾ ਦਾਅਵਾ ਨਹੀਂ ਕੀਤਾ ਜਾ ਸਕਦਾ ਪਰ ਟੈਕਨਾਲੋਜੀ ਦੇ ਵਿਕਾਸ ਵਿਚ ਹਰ ਵਰਤਾਰਾ ਸੰਭਵ ਜਾਪ ਰਿਹਾ ਹੈ। ਇਕ ਬਣਾਉਟੀ ਅਕਲ ਤੋਂ ਪ੍ਰੇਰਿਤ ਮਨੁੱਖੀ ਸਰੂਪ ਵਾਲੇ ਕਲ-ਕਲਬੂਤ (ਰੋਬੋਟ) ਅਤੇ ਮਨੁੱਖ ਵਿਚ ਮਨੁੱਖੀ ਰਿਸ਼ਤਾ-ਨਾਤਾ ਪ੍ਰਣਾਲੀ (Kinship) ਤਹਿਤ ਸਿਰਜਿਆ ਜਾ ਸਕਣ ਵਾਲਾ ਰਿਸ਼ਤਾ ਪੈਦਾ ਕਰਨਾ ਬਹੁਤ ਸੂਖ਼ਮਤਾ ਨਾਲ ਸਮਝਣ ਵਾਲੀ ਗੱਲ ਹੈ ਜਿਹੜੀ ਕਿ ਭਾਵੇਂ ਅਸੰਭਵ ਜਾਪਦੀ ਹੈ ਪਰ ਆਉਣ ਵਾਲੇ ਸਮੇਂ ਵਿਚ ਇਹ ਸੰਭਵ ਹੋ ਵੀ ਸਕਦੀ ਹੈ।

ਬਣਾਉਟੀ ਅਕਲ ਜਾਂ AI ਦੇ ਮਨੁੱਖੀ ਸਮਾਜ ਅਤੇ ਰਿਸ਼ਤਿਆਂ ਉੱਪਰ ਵਰਤਮਾਨ ਅਤੇ ਭਵਿੱਖ ਵਿੱਚ ਪੈਣ ਵਾਲੇ ਅਸਰਾਂ ਨੂੰ ਲੈਕੇ ਅੱਜਕੱਲ ਪੰਜਾਬੀ ਵਿੱਚ ਵੀ ਸਾਹਿਤ ਰਚਿਆ ਜਾਣ ਲੱਗਾ ਹੈ। ਇਸ ਰਚੇ ਜਾ ਰਹੇ ਸਾਹਿਤ ਵਿੱਚ ਜਿਆਦਾਤਰ ਬਣਾਉਟੀ ਅਕਲ ਦੇ ਨਾਂਹਮੁਖੀ ਅਸਰਾਂ ਨੂੰ ਵਧੇਰੇ ਚਿਤਰਿਆ ਗਿਆ ਹੈ। ਇਹ ਸਾਹਿਤ ਜਾਂ ਕਹਾਣੀਆਂ ਉਸ ਰੁਝਾਨ ਤੋਂ ਪ੍ਰਭਾਵਤਿ ਹਨ ਜੋ ਰੁਝਾਨ ਕਾਫੀ ਲੰਮੇ ਸਮੇਂ ਤੋਂ ਹਾਲੀਵੁੱਡ ਦੀਆਂ ਫਿਲਮਾਂ ਵਿੱਚ ਦਿਖਾਇਆ ਜਾਂਦਾ ਸੀ ਕਿ ਵਿਕਸਤ ਦਿਮਾਗੀ ਸਮਰੱਥਾ ਵਾਲ਼ੀਆਂ ਜਾਂ ਬਣਾਉਟੀ ਅਕਲ ਵਾਲ਼ੀਆਂ ਮਸ਼ੀਨਾਂ ਇੱਕ ਦਿਨ ਮਨੁੱਖਾਂ ਨੂੰ ਖਤਮ ਕਰ ਦੇਣਗੀਆਂ ਜਾਂ ਉਹਨਾਂ ਨੂੰ ਆਪਣਾ ਗੁਲਾਮ ਬਣਾ ਲੈਣਗੀਆਂ। ਪੰਜਾਬੀ ਸਾਹਿਤ ਜੋ ਪਿਛਲੇ ਇੱਕ ਦੋ ਸਾਲਾਂ ਤੋਂ ਰਸਾਲਿਆਂ ਜਾਂ ਕਿਤਾਬੀ ਰੂਪ ਵਿੱਚ ਛਪਕੇ ਸਾਹਮਣੇ ਆ ਰਿਹਾ ਹੈ, ਉਹ ਬਣਾਉਟੀ ਅਕਲ ਦੇ ਮਨੁੱਖੀ ਸਮਾਜ-ਸਭਿਆਚਾਰ 'ਤੇ ਪੈਣ ਵਾਲੇ ਮਾਰੂ ਅਸਰਾਂ ਦੀ ਭਿਆਨਕਤਾ ਨੂੰ ਪੇਸ਼ ਕਰਦਾ ਹੈ। ਮਨੁੱਖ ਆਪਣੇ ਭਾਵਾਂ-ਜਜਬਾਤਾਂ, ਅਹਿਸਾਸਾਂ ਕਰਕੇ ਮਨੁੱਖ ਹੈ ਨਾ ਕਿ ਸੰਚਰਿਤ ਜਾਣਕਾਰੀ ਦੇ ਅਧਾਰ 'ਤੇ ਨਿਸ਼ਚਤ ਨਿਯਮਾਵਲੀ ਅਨੁਸਾਰ ਦਿੱਤੀ ਕਮਾਂਡ ਅਨੁਸਾਰ ਮਸ਼ੀਨੀ ਕਾਰਜ ਨੂੰ ਸਪੰਨ ਕਰਨ ਕਰਕੇ। ਤਾਸਮਾਨ ਰਸਾਲੇ ਦੇ ਤਾਜਾ ਅੰਕ (ਮਈ-ਅਗਸਤ 2025) ਵਿਚ ਛਪੀ ਅਲਫਾਜ ਦੀ ਵਿਗਿਆਨਕ ਗਲਪ ਵਿਧਾ ਦੀ ਕਹਾਣੀ 'ਬੁਝਾਰਤ' ਜੋ ਤੇਈਵੀਂ ਸਦੀ ਵਿੱਚ ਵਾਪਰਦੀ ਦਿਖਾਈ ਗਈ ਹੈ ਜਦੋਂ ਧਰਤੀ ਉੱਤੇ ਬਣਾਉਟੀ ਅਕਲ ਦੇ ਸਿਰਜੇ ਕਲ-ਕਲਬੂਤਾਂ (ਰੋਬਟਾਂ) ਦਾ ਰਾਜ ਹੈ। ਜਿਸ ਵਿੱਚ ਮਨੁੱਖ ਕਲ-ਕਲਬੂਤਾਂ ਦੇ ਅਧੀਨ ਹਨ। ਜਿਹਨਾਂ ਦੀ ਹਰ ਗਤੀਵਿਧੀ ਨੂੰ ਡਿਜੀਟਲ ਤਰੀਕੇ ਨਾਲ਼ ਨਿਗਰਾਨੀ ਅਧੀਨ ਰੱਖਿਆ ਜਾਂਦਾ ਹੈ। ਇਹ ਮਨੁੱਖ ਸਮਾਜ ਦੇ ਕਿਸੇ ਵੀ ਯੁਗ ਨਾਲੋਂ ਬਣਾਉਟੀ ਅਕਲ ਦੀ ਬਿਜਲਈ ਸੱਤਾ ਦੇ ਵੱਧ ਕਾਬੂ 'ਚ ਹੈ ਤੇ ਇੱਕ ਪੂਰਣ ਗੁਲਾਮੀ ਦਾ ਜੀਵਨ ਭੋਗਦਾ ਹੈ ਜਿੱਥੇ ਉਸਦਾ ਸਰੀਰ ਹੀ ਨਹੀਂ ਮਨ ਵਿੱਚ ਉੱਠਣ ਵਾਲ਼ਾ ਹਰ ਵਿਚਾਰ ਵੀ ਸੱਤਾ ਦੀ ਨਿਗਰਾਨੀ ਵਿੱਚ ਹੈ। ਕਹਾਣੀ ਅੰਤ 'ਚ ਇਹੀ ਇਸ਼ਾਰਾ ਕਰਦੀ ਭਾਸਦੀ ਹੈ ਕਿ ਮਨੁੱਖ ਦੀ ਅਸਲ ਖੁਸ਼ੀ ਕੁਦਰਤ ਅਤੇ ਕਿਤਾਬ (ਸ਼ਬਦ) ਦੀ ਗੋਦ ਵਿੱਚ ਹੀ ਹੈ। ਸਾਨੂੰ ਤਕਨਾਲੋਜੀ ਦੀ ਅੰਧਾਧੁੰਦ ਵਰਤੋਂ ਤੋਂ ਬਚਣਾ ਚਾਹੀਦਾ ਹੈ। ਕਹਾਣੀ ਦੇ ਪਾਤਰ ਸਾਰਜੈਂਟ ਦੇ ਇਹ ਬੋਲ ਸਾਨੂੰ ਇਸ ਬਾਰੇ ਸੁਚੇਤ ਕਰਦੇ ਜਾਪਦੇ ਹਨ:

*"ਸਾਰਜੈਂਟ ਨੇ ਦੱਸਿਆ ਕਿ ਅਸੀਂ ਇੱਕੀਵੀਂ ਸਦੀ ਦੇ ਰਿਕਾਰਡ ਫੋਲ ਕੇ*

*ਆਏ ਆਂ ਜਦੋਂ ਸਾਰਾ ਕੁਝ ਡਿਜੀਟਲ ਹੋ ਰਿਹਾ ਸੀ ... ਲੋਕ ਤਾਂ ਸੁੱਖ ਸਹੂਲਤਾਂ ਦੇ ਨਾਮ 'ਤੇ ਸਭ ਕੁਝ ਅਪਣਾ ਰਹੇ ਸਨ, ਪਰ ਕੁਝ ਇਹੋ ਜਿਹੇ ਵੀ ਸਨ, ਜੋ ਇਸ ਸਭ ਦਾ ਵਿਰੋਧ ਕਰ ਰਹੇ ਸਨ, ਜੋ ਜਾਣਦੇ ਸਨ ਕਿ ਇਸ ਸਭ ਵਿੱਚ ਸਾਡਾ ਵਿਨਾਸ਼ ਛੁਪਿਆ ਹੋਇਆ ਹੈ.... ਉਹ ਲਗਾਤਾਰ ਵਿਰੋਧ ਕਰਦੇ ਸਨ, ਪਰ ਉਹਨਾਂ ਦੀ ਕੋਈ ਸੁਣਦਾ ਨਹੀਂ ਸੀ ... ਉਹਨਾਂ ਨੂੰ ਪਾਗਲ ਕਹਿੰਦੇ ਸਨ।"*[6]

ਕਹਾਣੀਕਾਰ ਅਲਫਾਜ (ਛਲਾਵਿਆਂ ਦੀ ਰੁੱਤ) ਤੋਂ ਬਿਨਾ ਮਖਦੂਮ ਟੀਪੂ ਸੁਲਤਾਨ, ਅੰਮ੍ਰਿਤਪਾਲ ਕਲੇਰ (ਜਮੈਟੋ ਗਰਲ), ਅਮਰਜੀਤ ਗਰੇਵਾਲ (ਸੋ ਦਰ), ਭਗਵੰਤ ਰਸੂਲਪੁਰੀ (ਡਲਿਵਰੀ ਮੈਨ) ਆਦਿ ਸਾਹਿਤਕਾਰਾਂ ਨੇ ਆਪਣੀਆਂ ਰਚਨਾਵਾਂ ਵਿੱਚ ਬਣਾਉਟੀ ਅਕਲ ਰਾਹੀਂ ਸਿਰਜੇ ਕਲ-ਕਲਬੂਤਾਂ ਨੂੰ ਪਾਤਰਾਂ ਦੇ ਰੂਪ ਵਿੱਚ ਜਾਂ ਬਣਾਉਟੀ ਅਕਲ ਦੇ ਮਨੁੱਖੀ ਸਮਾਜ ''ਤੇ ਪੈ ਰਹੇ ਪ੍ਰਭਾਵਾਂ/ਕੁਪ੍ਰਭਾਵਾਂ ਨੂੰ ਆਪਣੇ ਸਾਹਿਤ ਦਾ ਵਿਸ਼ਾ ਬਣਾਇਆ ਹੈ। ਇਸ ਸਾਹਿਤ ਵਿੱਚ ਪੇਸ਼ ਬਣਾਉਟੀ ਅਕਲ ਦਾ ਪ੍ਰਭਾਵ ਸਮਾਜਕ ਸਾਂਝਾ ਦੇ ਕਫਨ ਦਾ ਆਖਰੀ ਕਿੱਲ ਬਣ ਰਿਹਾ ਹੈ। ਇਸ ਸਮੇਂ ਕੁਝ ਅਜਿਹੀਆ ਕਹਾਣੀਆਂ ਸਾਹਮਣੇ ਆਈਆ ਹਨ ਜਿੱਥੇ ਬੰਦੇ ਪਤੀ-ਪਤਨੀ ਜਾਂ ਦੋਸਤ ਦੀ ਥਾਂ ਬਣਾਉਟੀ ਅਕਲ ਨਾਲ਼ ਤਿਆਰ ਕੀਤੇ ਅਤੇ ਉਸ ਅਨੁਸਾਰ ਕਾਰਜ ਕਰਦੇ ਕਲ-ਕਲਬੂਤਾਂ (ਰੋਬੋਟਾਂ) ਨੂੰ ਆਪਣੇ ਪਤੀ-ਪਤਨੀ ਜਾਂ ਦੋਸਤ ਵਾਲ਼ੀ ਥਾਂ ''ਤੇ ਰੱਖਕੇ ਉਸ ਵਿੱਚੋਂ ਮਨੁੱਖੀ ਅਹਿਸਾਸ ਅਤੇ ਰਿਸ਼ਤਿਆਂ ਦੀ ਨਿੱਘ ਲੱਭਣ ਦੀ ਕੋਸ਼ਿਸ਼ ਕਰਦੇ ਹਨ ਭਾਵੇਂ ਇਸ ਵਿੱਚ ਅੰਤ ਉਹਨਾਂ ਨੂੰ ਨਿਰਾਸ਼ਤਾ ਹੀ ਪੱਲੇ ਪੈਂਦੀ ਹੈ ਪਰ ਇਸ ਵਰਤਾਰੇ ਨਾਲ਼ ਸਮਾਜ ਦੀ ਮੂਲ ਸੰਸਥਾ ਪਰਿਵਾਰ ਅਤੇ ਖੁਦ ਸਮਾਜ ਆਪਣੇ ਅੰਤ ਦੀ ਆਖਰੀ ਪੌੜੀ 'ਤੇ ਖੜ੍ਹਿਆ ਦਿਖਾਈ ਦਿੰਦਾ ਹੈ। ਬਣਾਉਟੀ ਅਕਲ ਦੇ ਪ੍ਰਭਾਵ ਅਧੀਨ ਸਿਰਜੇ ਜਾ ਰਹੇ ਸਾਹਿਤ ਵਿੱਚ ਮਨੁੱਖਤਾ 'ਤੇ ਇਸਦਾ ਵਧੇਰੇ ਕਰਕੇ ਨਾਮੁਖੀ ਅਸਰ ਹੀ ਦ੍ਰਿਸ਼ਟੀਗੋਚਰ ਹੁੰਦਾ ਹੈ ਫਿਰ ਇਹ ਗੱਲ ਹੋਰ ਵੀ ਧਿਆਨ ਦੀ ਮੰਗ ਕਰਦੀ ਹੈ ਕਿ ਜਦੋਂ ਖੁਦ ਬਣਾਉਟੀ ਅਕਲ ਦੁਆਰਾ ਬਣਾਇਆ ਸਾਹਿਤ ਹੀ ਮਨੁੱਖ ਦੀ ਹੋਣੀ ਬਣ ਗਿਆ ਫਿਰ ਹਲਾਤ ਕਿਹੋ ਜਿਹੇ ਹੋਣਗੇ।

ਵਰਤਮਾਨ ਦੌਰ ਵਿਚ ਇਹ ਬਿਰਤਾਂਤ ਵੀ ਘੜਿਆ ਜਾ ਰਿਹਾ ਹੈ ਕਿ ਬਣਾਉਟੀ ਅਕਲ ਮਨੁੱਖੀ ਬੁੱਧੀ ਦੇ ਸਮਾਨਾਂਤਰ ਸਥਾਪਤ ਹੋ ਰਹੀ ਹੈ ਅਤੇ ਇਹ ਮਨੁੱਖ ਲਈ ਸੁਖਾਵਾਂ ਮਹੌਲ ਸਿਰਜੇਗੀ, ਪਰ ਇਸ ਦਾ ਕਿਸੇ ਵੀ ਤਰੀਕੇ ਨਾਲ ਮਨੁੱਖੀ ਬੌਧਿਕ ਸਮਰੱਥਾ ਨਾਲ ਕਿਸੇ ਵੀ ਕਿਸਮ ਦਾ ਕੋਈ ਸੰਬੰਧ ਨਹੀਂ ਹੈ। ਬਣਾਉਟੀ ਅਕਲ ਨਾਲ ਕੰਪਿਊਟਰ ਦੇ ਅੰਕੜਿਆਂ ਦੇ ਪ੍ਰਬੰਧਨ ਦਾ ਕੰਮ ਆਸਾਨ ਤਾਂ ਕੀਤਾ ਜਾ ਸਕਦਾ ਹੈ ਪਰ ਇਸ ਤੋਂ ਮਨੁੱਖੀ ਸੰਵੇਦਨਾ ਵਾਲੀ ਸਮਰੱਥਾ ਵਾਲਾ ਕੰਮ ਨਹੀਂ ਲਿਆ ਜਾ ਸਕਦਾ। ਇਸ ਬਾਰੇ ਸਪੱਸ਼ਟ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਇਸ ਤਰ੍ਹਾਂ ਦਾ ਭਰਮ (illusion) ਸਿਰਜ ਕੇ ਬਹੁ-ਰਾਸ਼ਟਰੀ ਕੰਪਨੀਆਂ ਆਪਣੇ ਮੁਨਾਫੇ ਦੂਣੇ-ਚੌਣੇ ਕਰ ਰਹੀਆਂ ਹਨ। ਡਾ. ਮਨਮੋਹਨ ਸਿੰਘ ਅਨੁਸਾਰ,

*"ਆਰਟੀਫੀਸ਼ੀਅਲ ਇੰਟੈਲੀਜੈਂਸ 'ਤੇ ਆਧਾਰਿਤ ਸਾਰੀਆਂ ਐਪਾਂ ਅਤੇ ਪਲੇਟਫਾਰਮਾਂ ਅਤੇ ਟੂਲਜ਼ ਦਾ ਸਾਰਾ ਵਰਤਾਰਾ ਬਾਜ਼ਾਰ ਅਧਾਰਿਤ ਹੈ।"*[7]

ਸਮੁੱਚੇ ਤੌਰ 'ਤੇ ਅਜੋਕੇ ਸਮੇਂ ਵਿੱਚ ਬਹੁ-ਰਾਸ਼ਟਰੀ ਕੰਪਨੀਆਂ ਦੁਆਰਾ ਬਣਾਉਟੀ ਅਕਲ 'ਤੇ ਨਵੀਆਂ ਵਿਗਿਆਨਕ ਖੋਜਾਂ ਕੀਤੀਆਂ ਜਾ ਰਹੀਆਂ ਹਨ। ਇਨ੍ਹਾਂ ਖੋਜਾਂ ਦੇ ਪ੍ਰੇਰਕ ਤੱਤਾਂ ਦੇ ਮੱਦੇਨਜ਼ਰ ਇਹ ਉਮੀਦ ਕੀਤੀ ਜਾ ਸਕਦੀ ਹੈ ਕਿ ਮਨੁੱਖੀ ਬੁੱਧੀ ਉੱਤੇ ਬਣਾਉਟੀ ਅਕਲ ਦਾ ਨਿਯੰਤਰਣ ਨਾ ਹੋਵੇ। ਇਸਦਾ ਵਿਕਾਸ ਮਨੁੱਖੀ ਯੋਗਤਾਵਾਂ ਨੂੰ ਵਧਾਉਣ ਦੀ ਸੀਮਾ ਤੱਕ ਹੀ ਹੋਣਾ ਚਾਹੀਦਾ ਹੈ, ਨਾ ਕਿ ਉਹਨਾਂ ਦੀ ਥਾਂ ਲੈਣ ਲਈ।

## *ਹਵਾਲੇ ਅਤੇ ਟਿੱਪਣੀਆਂ*


1. *ਡਾ. ਮਨਮੋਹਨ ਸਿੰਘ, ਆਰਟੀਫੀਸ਼ੀਅਲ ਇੰਟੈਲੀਜੈਂਸ, ਸਿਰਜਣਾ ਅਤੇ ਭਾਸ਼ਾ, ਖੋਜ ਪੰਧ, ਅੰਕ 10, ਮਾਰਚ 2024, JSSDGS ਖ਼ਾਲਸਾ ਕਾਲਜ, ਪਟਿਆਲਾ, ਪੰਨਾ: 15*
2. *ਡਾ. ਮਨਮੋਹਨ ਸਿੰਘ, ਉਹੀ, ਪੰਨਾ: 14*
3. *ਡਾ. ਮਨਮੋਹਨ ਸਿੰਘ, ਉਹੀ, ਪੰਨਾ: 15*
4. *ਮੀਆਂ ਮੁਹੰਮਦ ਬਖਸ਼ ਜਿਹਲਮੀ, ਸੈਫ ਮਲੂਕ, ਸੋਧ ਡਾ. ਪਿਆਰ ਸਿੰਘ, ਭਾਸ਼ਾ ਵਿਭਾਗ ਪੰਜਾਬ ਪਟਿਆਲਾ, 1992 (ਤੀਜਾ ਅਡੀਸ਼ਨ) ਪੰਨਾ: 80*
5. *ਡਾ. ਪਰਮਜੀਤ ਸਿੰਘ ਢੀਂਗਰਾ, ਮਸਨੂਈ ਲਿਆਕਤ (AI) ਤੇ ਮਨੁੱਖਤਾ ਦਾ ਭਵਿੱਖ, ਸੰਵਾਦ, ਅੰਕ 19, ਜਨਵਰੀ-ਜੂਨ 2024, ਖਾਲਸਾ ਕਾਲਜ, ਅੰਮ੍ਰਿਤਸਰ, ਪੰਨਾ: 58*

6. ਅਲਫਾਜ, ਬੁਝਾਰਤ, ਤਾਸਮਾਨ, ਪੁਸਤਕ ਲੜੀ ਨੰ. 17, ਮਈ-ਅਗਸਤ 2025
7. ਡਾ. ਮਨਮੋਹਨ ਸਿੰਘ, ਉਹੀ, ਪੰਨਾ: 16

***Cite this Article-***

*ਡਾ. ਦਵਿੰਦਰ ਸਿੰਘ (Dr. Davinder Singh), ਬਣਾਉਟੀ ਅਕਲ (AI): ਸਾਹਿਤਕ ਸੰਵੇਦਨਾ ਤੇ ਸਿਰਜਣਾ (BANOUTI AKL (AI): SAHITAK SAMVEDNA TE SIRJANA ), ਅਰਮਾਨ (ARMAAN), ISSN: 2583-9446, Volume 3, Issue 2, April-June 2025, Page: 22-28.*

***Journal URL:*** [www.armaan.org.in](www.armaan.org.in)

***DOI:*** *https://doi.org/10.64119/armaan.vol.3.issue2.05*

*This article is an open access article distributed under the terms and conditions of the Creative Commons Attribution (CC BY) license (https://creativecommons.org/licenses/by/4.0/ ).*